BRAMPTON Service and Information Update

# ਸਿਟੀ ਕੰਪਲਾਈਂਸ ਔਡਿਟ ਕਮੇਟੀ ਲਈ ਅਰਜ਼ੀਆਂ ਮੰਗਵਾ ਰਹੀ ਹੈ

ਬ੍ਰੈਂਪਟਨ, ਓਨਟੈਰੀਓ (3 ਜੂਨ, 2022) – ਸਿਟੀ ਆਫ ਬ੍ਰੈਂਪਟਨ, ਉਹਨਾਂ ਨਾਗਰਿਕਾਂ ਤੋਂ ਅਰਜ਼ੀਆਂ ਮੰਗਵਾ ਰਹੀ ਹੈ, ਜਿਹਨਾਂ ਦੀ ਦਿਲਚਸਪੀ ਸਿਟੀ ਦੀ ਕੰਪਲਾਈਂਸ ਔਡਿਟ ਕਮੇਟੀ (Compliance Audit Committee) ਨੂੰ ਸੇਵਾ ਦੇਣ ਵਿੱਚ ਹੈ।

*ਮਿਊਨਿਸਿਪਲ ਇਲੈਕਸ਼ਨਸ ਐਕਟ, 1996 (Municipal Elections Act, 1996)* ਹੇਠ, ਕਮੇਟੀ ਉਹਨਾਂ ਯੋਗ ਮਤਦਾਤਾਵਾਂ ਦੀਆਂ ਅਰਜ਼ੀਆਂ ਤੇ ਵਿਚਾਰ ਕਰੇਗੀ, ਜੋ ਉਚਿਤ ਅਧਾਰਾਂ ਤੇ, ਇਹ ਮੰਨਦੇ ਹਨ ਕਿ ਮਿਊਨਿਸਿਪਲ ਚੋਣਾਂ ਦੇ ਉਮੀਦਵਾਰਾਂ ਜਾਂ ਰਜਿਸਟਰਡ ਤੀਜੀ ਧਿਰ ਦੇ ਵਿਗਿਆਪਕ ਨੇ, ਕੈਂਪੇਨ ਸਬੰਧੀ ਫਾਈਨੈਂਸੇਜ ਦੇ ਸਬੰਧ ਵਿੱਚ ਐਕਟ ਦੇ ਵਿਧਾਨ ਨੂੰ ਤੋੜਿਆ ਹੈ। ਕਮੇਟੀ ਵਿੱਚ ਘੱਟੋ-ਘੱਟ ਤਿੰਨ ਅਤੇ ਸੱਤ ਤੱਕ ਮੈਂਬਰ ਹੋਣਗੇ। ਟਰਮ ਆਫ ਆਫਿਸ, 15 ਨਵੰਬਰ, 2022 ਤੋਂ 14 ਨਵੰਬਰ, 2026 ਤੱਕ, ਅਗਲੀ ਟਰਮ ਆਫ ਕਾਉਂਸਿਲ (Term of Council) ਨਾਲ ਸਮਾਨਾਂਤਰ ਹੋਵੇਗੀ।

## ਬਿਨੈਕਾਰ ਦੀ ਯੋਗਤਾ ਸਬੰਧੀ ਸ਼ਰਤਾਂ

ਬਿਨੈਕਾਰ, ਬ੍ਰੈਂਪਟਨ ਵਿੱਚ ਰਹਿਣ ਜਾਂ ਕੰਮ ਕਰਨ ਵਾਲੇ ਪ੍ਰੋਫੈਸ਼ਨਲ ਹੋਣੇ ਚਾਹੀਦੇ ਹਨ। ਇਸਤੋਂ ਇਲਾਵਾ, ਸਿਟੀ, ਅਕਾਊਂਟਿੰਗ, ਔਡਿਟਿੰਗ, ਪਬਲਿਕ ਐਡਮਿਨਿਸਟ੍ਰੇਸ਼ਨ ਅਤੇ/ਜਾਂ ਲਾਅ ਵਿੱਚ ਪਿਛੋਕੜ ਅਤੇ ਅਨੁਭਵ ਵਾਲੇ ਬਿਨੈਕਾਰ ਲੱਭ ਰਹੀ ਹੈ। ਬਿਨੈਕਾਰਾਂ ਕੋਲ ਇਹ ਯੋਗਤਾਵਾਂ ਹੋਣੀਆਂ ਚਾਹੀਦੀਆਂ ਹਨ:

- ਮਿਊਨਿਸਿਪਲ ਚੋਣਾਂ ਦਾ ਪ੍ਰਮਾਣਿਤ ਗਿਆਨ ਅਤੇ ਸਮਝ, *ਮਿਊਨਿਸਿਪਲ ਇਲੈਕਸ਼ਨਸ ਐਕਟ* ਦੇ ਕੈਂਪੇਨ ਫਾਈਨੈਂਸਿੰਗ ਨਿਯਮਾਂ ਸਮੇਤ
- ਵਿਸ਼ਲੇਸ਼ਣ ਅਤੇ ਫੈਸਲੇ ਲੈਣ ਸਬੰਧੀ ਸਿੱਧ ਕੁਸ਼ਲਤਾਵਾਂ
- ਕਮੇਟੀਆਂ, ਟਾਸਕ ਫੋਰਸਿਜ ਜਾਂ ਇਹੋ ਜਿਹੀਆਂ ਸੈਟਿੰਗਸ ਤੇ ਕੰਮ ਕਰਨ ਦਾ ਅਨੁਭਵ
- Quasi-ਜੁਡਿਸ਼ਿਅਲ ਪ੍ਰੋਸੀਡਿੰਗਸ ਦਾ ਪ੍ਰਮਾਣਿਤ ਗਿਆਨ
- ਦਿਨ ਦੇ ਦੌਰਾਨ ਅਤੇ ਸ਼ਾਮ ਦੇ ਸਮੇਂ, ਮੀਟਿੰਗਾਂ ਵਿੱਚ ਸ਼ਾਮਲ ਹੋਣ ਲਈ ਉਪਲਬਧਤਾ ਅਤੇ ਇੱਛਾ
- ਮੌਖਿਕ ਅਤੇ ਲਿਖਤ ਸੰਚਾਰ ਸਬੰਧੀ ਉੱਤਮ ਕੁਸ਼ਲਤਾਵਾਂ

## ਉਹ ਵਿਅਕਤੀ, ਜੋ ਅਪਲਾਈ ਕਰਨ ਲਈ ਅਯੋਗ ਹਨ

*ਮਿਊਨਿਸਿਪਲ ਇਲੈਕਸ਼ਨਸ ਐਕਟ* ਦੇ ਮੁਤਾਬਕ, ਹੇਠਾਂ ਲਿਖੇ ਵਿਅਕਤੀ, ਕਮੇਟੀ ਵਿੱਚ ਅਪੋਇੰਟਮੈਂਟ ਲਈ ਯੋਗ ਨਹੀਂ ਹਨ:

- ਸਿਟੀ ਆਫ ਬ੍ਰੈਂਪਟਨ ਜਾਂ ਸ਼ਹਿਰ ਦੇ ਅੰਦਰ ਮੌਜੂਦ ਸਕੂਲ ਬੋਰਡਸ ਦੇ ਕਰਮਚਾਰੀ
- ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਜਾਂ ਲੋਕਲ ਬੋਰਡਸ ਦੇ ਮੈਂਬਰ
- ਉਹਨਾਂ ਚੋਣਾਂ ਵਿੱਚ ਉਮੀਦਵਾਰ, ਜਿਹਨਾਂ ਲਈ ਕਮੇਟੀ ਸਥਾਪਤ ਕੀਤੀ ਗਈ ਹੈ
- ਉਹਨਾਂ ਚੋਣਾਂ ਵਿੱਚ ਮਿਊਨਿਸਿਪਲਟੀ ਵਿੱਚ ਰਜਿਸਟਰਡ ਤੀਜੀਆਂ ਧਿਰਾਂ, ਜਿਹਨਾਂ ਲਈ ਕਮੇਟੀ ਸਥਾਪਤ ਕੀਤੀ ਗਈ ਹੈ

ਅਰਜ਼ੀ ਫਾਰਮ ਅਤੇ ਰਿਜਿਊਮੇ, ਸਿਟੀ ਕਲਰਕ ਦੇ ਆਫਿਸ ਵਿੱਚ, ਸੋਮਵਾਰ, 13 ਜੂਨ, 2022, ਸ਼ਾਮ 4:30 ਵਜੇ ਤੱਕ ਜਮ੍ਹਾਂ ਕੀਤੇ ਜਾਣੇ ਲਾਜ਼ਮੀ ਹਨ।

ਇੱਕ ਸਲੈਕਸ਼ਨ ਕਮੇਟੀ (Selection Committee), ਬਿਨੈਕਾਰਾਂ ਦਾ ਇੰਟਰਵਿਊ ਲਵੇਗੀ ਅਤੇ ਸਿਟੀ ਕਾਉਂਸਿਲ ਨੂੰ ਅਪੋਇੰਟਮੈਂਟ ਸਬੰਧੀ ਸਲਾਹਾਂ ਦੇਵੇਗੀ। ਯੋਗ ਬਿਨੈਕਾਰਾਂ ਨੂੰ, ਇੰਟਰਵਿਊ ਦੀ ਤਾਰੀਖ ਅਤੇ ਸਮੇਂ ਦੀ ਪੁਸ਼ਟੀ ਕਰਨ ਲਈ ਵਿਅਕਤੀਗਤ ਤੌਰ ਤੇ ਸੰਪਰਕ ਕੀਤਾ ਜਾਵੇਗਾ। ਅਪੋਇੰਟਮੈਂਟਸ, ਸਿਟੀ ਕਾਉਂਸਿਲ ਵੱਲੋਂ 1 ਅਕਤੂਬਰ, 2022 ਤੱਕ ਕੀਤੀਆਂ ਜਾਣਗੀਆਂ।

-30-

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca